# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ




## ਓਨਟਾਰਿਓ ਬਜਟ 2018: 10 ਮੁੱਖ ਹਾਈਲਾਇਟਾਂ

ਪ੍ਰਾਂਤ ਦੀ ਯੋਜਨਾ ਵਿੱਚ ਸਿਹਤ ਦੇਖਭਾਲ, ਚਾਇਲਡ ਕੇਅਰ, ਘਰੇਲੂ ਦੇਖਭਾਲ ਅਤੇ ਮਾਨਸਿਕ ਸਿਹਤ ਵਿੱਚ ਮਹੱਤਵਪੂਰਨ ਨਵੇਂ ਨਿਵੇਸ਼ ਅਤੇ ਪ੍ਰਾਂਤ ਭਰ ਵਿੱਚ ਲੋਕਾਂ ਵਾਸਤੇ ਨੌਕਰੀਆਂ ਦੇ ਹੋਰ ਜ਼ਿਆਦਾ ਅਵਸਰ ਉਤਪੰਨ ਕਰਨ ਲਈ ਨਵੇਂ ਉਪਾਅ ਸ਼ਾਮਲ ਹਨ। ਹਾਈਲਾਇਟਾਂ ਵਿੱਚ ਸ਼ਾਮਲ ਹਨ :



1. **OHIP + ਰਾਹੀਂ 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਲਈ ਮੁਫਤ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ**

   65 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਪੂਰੀ ਤਰ੍ਹਾਂ ਮੁਫਤ ਕਰਨਾ, ਯਕੀਨੀ ਬਣਾਉਂਦੇ ਹੋਏ ਕਿ ਕੋਈ ਵੀ ਬਜ਼ੁਰਗ ਨਾਗਰਿਕ ਕਦੇ ਵੀ ਜ਼ਰੂਰੀ ਦਵਾਈਆਂ ਤੋਂ ਬਿਨਾਂ ਨਹੀਂ ਰਹਿੰਦਾ। ਓਨਟਾਰਿਓ ਡਰੱਗ ਬੈਨੇਫਿਟ ਦੀ ਸਲਾਨਾ ਕਟੌਤੀ ਅਤੇ ਕੋ-ਪੇ ਨੂੰ ਖਤਮ ਕਰਕੇ, ਇਹ ਓਨਟਾਰਿਓ ਦੇ ਔਸਤ ਬਜ਼ੁਰਗ ਲਈ ਹਰ ਸਾਲ $240 ਦੀ ਬਚਤ ਕਰਦਾ ਹੈ। OHIP+ ਵਿੱਚ ਇਹ ਵਾਧਾ *2017 ਓਨਟਾਰਿਓ ਬਜਟ* ਵਿੱਚ 25 ਸਾਲ ਤੋਂ ਘੱਟ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਮੁਫਤ ਦਵਾਈਆਂ ਦੀ ਸ਼ੁਰੂਆਤ ਤੋਂ ਬਾਅਦ ਆਉਂਦਾ ਹੈ।



2. **ਜ਼ਿਆਦਾ ਚਾਇਲਡ ਕੇਅਰ, ਜ਼ਿਆਦਾ ਚੋਣ**

   ਢਾਈ ਸਾਲ ਦੇ ਬੱਚਿਆਂ ਲਈ ਉਨ੍ਹਾਂ ਦੇ ਕਿੰਡਰਗਾਰਟਨ ਲਈ ਯੋਗ ਹੋ ਜਾਣ ਤੱਕ ਪ੍ਰੀਸਕੂਲ ਚਾਇਲਡ ਕੇਅਰ ਨੂੰ ਮੁਫਤ ਬਣਾ ਕੇ ਹੋਰ ਜ਼ਿਆਦਾ ਕਿਫਾਇਤੀ ਗੁਣਵੱਤਾ ਵਾਲੀ ਚਾਇਲਡ ਕੇਅਰ ਮੁਹੱਈਆ ਕਰਨਾ।ਇਹ ਇੱਕ ਬੱਚੇ ਵਾਲੇ ਪਰਿਵਾਰ ਲਈ ਔਸਤਨ $17,000 ਬਚਾਉਂਦਾ ਹੈ ਅਤੇ ਉਨ੍ਹਾਂ ਬਚਤਾਂ ਨੂੰ ਵਧਾਉਂਦਾ ਹੈ ਜਿਹੜੀਆਂ ਪਰਿਵਾਰ ਫੁੱਲ-ਡੇ ਕਿੰਟਰਗਾਰਟਨ ਤੋਂ ਪ੍ਰਾਪਤ ਕਰਦੇ ਹਨ। ਇਹ ਦਰਸ਼ਾਇਆ ਗਿਆ ਹੈ ਕਿ ਮੁਢਲੀ ਸਿੱਖਿਆ ਬੱਚਿਆਂ ਦੇ ਅਕਾਦਮਿਕ ਪ੍ਰਦਰਸ਼ਨ ਨੂੰ ਉਨ੍ਹਾਂ ਦੇ ਪੂਰੇ ਜੀਵਨਾਂ ਵਿੱਚ ਸੁਧਾਰਦੀ ਹੈ।



3. **ਨਵਾਂ ਓਨਟਾਰਿਓ ਡਰੱਗ ਐਂਡ ਡੈਂਟਲ ਪ੍ਰੋਗਰਾਮ**

   ਇੱਕ ਨਵੇਂ ਓਨਟਾਰਿਓ ਡਰੱਗ ਐਂਡ ਡੈਂਟਲ ਪ੍ਰੋਗਰਾਮ ਦੀ ਸ਼ੁਰੂਆਤ ਕਰਕੇ ਕੰਮ ਦੇ ਸਥਾਨ ਤੇ ਸਿਹਤ ਸੰਬੰਧੀ ਲਾਭਾਂ ਤੋਂ ਬਿਨਾਂ ਜਾਂ OHIP+ ਜਾਂ ਹੋਰ ਸਰਕਾਰੀ ਪ੍ਰੋਗਰਾਮਾਂ ਦੇ ਹੇਠ ਨਾ ਆਉਣ ਵਾਲੇ ਲੋਕਾਂ ਲਈ, ਹਰ ਸਾਲ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਅਤੇ ਦੰਦਾਂ ਸੰਬੰਧੀ ਯੋਗ ਖਰਚਿਆਂ ਲਈ, 80 ਪ੍ਰਤੀਸ਼ਤ ਵਾਪਸ ਕਰਨਾ - ਪ੍ਰਤੀ ਇਕੱਲੇ ਵਿਅਕਤੀ ਲਈ $400, ਹਰ ਜੋੜੇ ਲਈ $600 ਅਤੇ ਦੋ ਬੱਚਿਆਂ ਵਾਲੇ ਚਾਰ ਵਿਅਕਤੀਆਂ ਦੇ ਪਰਿਵਾਰ ਲਈ $700 - ਦੇ ਅਧਿਕਤਮ ਤੱਕ।



**4. ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ**

ਨਵਾਂ ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ ਦੀ ਸ਼ੁਰੂਆਤ। ਇਹ ਵਡੇਰੀ ਉਮਰ ਦੇ ਬਜ਼ੁਰਗਾਂ ਦੇ ਘਰ ਵਿੱਚ, ਜਿਥੇ ਉਹ ਰਹਿਣਾ ਚਾਹੁੰਦੇ ਹਨ, ਰਹਿਣ ਨਾਲ ਸੰਬੰਧਤ ਲਾਗਤਾਂ ਨੂੰ ਮਾਨਤਾ ਦਿੰਦਾ ਹੈ। ਇਹ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਅਗਵਾਈ ਹੇਠ ਯੋਗ ਘਰਾਂ ਨੂੰ ਉਨ੍ਹਾਂ ਨੂੰ ਆਤਮਨਿਰਭਰ ਢੰਗ ਨਾਲ ਜੀਣ ਅਤੇ ਉਨ੍ਹਾਂ ਦੇ ਘਰਾਂ ਦੇ ਰੱਖ-ਰਖਾਅ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸਾਲਾਨਾ $750 ਤੱਕ ਦਾ ਲਾਭ ਮੁਹੱਈਆ ਕਰਦਾ ਹੈ।



**5. ਜ਼ਿਆਦਾ ਮਜ਼ਬੂਤ ਹਸਪਤਾਲ, ਬਿਹਤਰ ਦੇਖਭਾਲ**

ਦੇਖਭਾਲ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਕੇ, ਉਡੀਕ ਦੇ ਸਮਿਆਂ ਨੂੰ ਘਟਾ ਕੇ, ਸਮਰੱਥਾ ਸੰਬੰਧੀ ਮੁੱਦਿਆਂ ਨਾਲ ਨਜਿੱਠ ਕੇ ਹਸਪਤਾਲਾਂ ਨੂੰ ਸੁਧਾਰ ਕੇ ਅਤੇ 2018-19 ਵਿੱਚ $822 ਮਿਲੀਅਨ ਦੇ ਵਾਧੂ ਨਿਵੇਸ਼ – ਲਗਭਗ ਇੱਕ ਦਹਾਕੇ ਵਿੱਚ ਕਿਸੀ ਵੀ ਸਰਕਾਰ ਦੁਆਰਾ ਹਸਪਤਾਲਾਂ ਵਿੱਚ ਇਕੱਲਾ ਸਭ ਤੋਂ ਵੱਡਾ ਨਿਵੇਸ਼ – ਕਰਕੇ ਓਨਟਾਰਿਓ ਦੀ ਵੱਧ ਰਹੀ ਅਤੇ ਬਿਰਧ ਹੋ ਰਹੀ ਆਬਾਦੀ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨਾ, ਨਾਲ ਹੀ ਹਸਪਤਾਲਾਂ ਦਾ ਨਿਰਮਾਣ ਕਰਨ ਅਤੇ ਉਨ੍ਹਾਂ ਨੂੰ ਨਵਾਂ ਕਰਨ ਲਈ 10 ਸਾਲਾਂ ਵਿੱਚ ਲਗਭਗ $19 ਬਿਲੀਅਨ ਦਾ ਨਿਵੇਸ਼ ਕਰਨਾ।



**6. ਮਾਨਸਿਕ ਸਿਹਤ ਮਹੱਤਵਪੂਰਨ ਹੈ**

ਲੱਖਾਂ ਹੋਰ ਜ਼ਿਆਦਾ ਬੱਚਿਆਂ, ਨੌਜਵਾਨਾਂ ਅਤੇ ਬਾਲਗਾਂ ਵਾਸਤੇ ਓਨਟਾਰਿਓ ਭਰ ਵਿੱਚ ਮਾਨਸਿਕ ਸਿਹਤ ਸੰਬੰਧੀ ਅਤੇ ਲਤਾਂ ਸੰਬੰਧੀ ਸੇਵਾਵਾਂ ਤੱਕ ਬਿਹਤਰ ਅਤੇ ਜ਼ਿਆਦਾ ਤੇਜ਼ ਪਹੁੰਚ ਮੁਹੱਈਆ ਕਰਨਾ - ਕੁਲ ਫੰਡਿਗ ਨੂੰ ਚਾਰ ਸਾਲਾਂ ਵਿੱਚ $17 ਬਿਲੀਅਨ ਤੋਂ ਵੱਧ ਤੱਕ ਲਿਆਉਂਦੇ ਹੋਏ।



**7. ਬਿਰਧਜਨਾਂ ਲਈ ਘਰੇਲੂ (ਹੋਮ) ਦੇਖਭਾਲ**

ਤਿੰਨ ਸਾਲਾਂ ਵਿੱਚ $650 ਮਿਲੀਅਨ ਦੇ ਨਿਵੇਸ਼ ਦੇ ਰਾਹੀਂ, ਨਿਜੀ ਸਹਾਰੇ ਦੇ 2.8 ਮਿਲੀਅਨ ਹੋਰ ਜ਼ਿਆਦਾ ਘੰਟਿਆਂ ਅਤੇ 284,000 ਹੋਰ ਜ਼ਿਆਦਾ ਨਰਸਿੰਗ ਮੁਲਾਕਾਤਾਂ ਸਮੇਤ, ਘਰੇਲੂ ਅਤੇ ਕਮਿਊਨਿਟੀ ਸਿਹਤ ਸੇਵਾਵਾਂ ਤੱਕ ਹੋਰ ਜ਼ਿਆਦਾ ਪਹੁੰਚ ਪ੍ਰਦਾਨ ਕਰਨਾ।



**8. ਵਿਕਾਸ ਸੰਬੰਧੀ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਰੁਕਾਵਟਾਂ ਨੂੰ ਹਟਾਉਣਾ**

ਵਿਕਾਸ ਸੰਬੰਧੀ ਅਪੰਗਤਾਵਾਂ ਵਾਲੇ ਲਗਭਗ 47, 000 ਬਾਲਗਾਂ ਲਈ ਸੇਵਾਵਾਂ ਨੂੰ ਅਜਿਹੀ ਪਹੁੰਚ ਰਾਹੀਂ ਮਜ਼ਬੂਤ ਕਰਨ ਲਈ $1.8 ਬਿਲੀਅਨ ਦਾ ਨਿਵੇਸ਼ ਕਰਕੇ ਜ਼ਿਆਦਾ ਨਿਆਂਪੂਰਨ ਸਮਾਜ ਦਾ ਨਿਰਮਾਣ ਕਰਨਾ ਜਿਹੜੀ ਸੂਚਿਤ ਚੋਣਾਂ ਅਤੇ ਸਮਾਜ ਵਿੱਚ ਕਿਰਿਆਸ਼ੀਲ ਭਾਗੀਦਾਰੀ ਨੂੰ ਕਾਬਲ ਬਣਾਉਂਦੀ ਹੈ।



## 9. ਮੁਫਤ ਟਿਊਸ਼ਨ ਨਾਲ ਵਿਦਿਆਰਥੀਆਂ ਦੀ ਕਾਮਯਾਬੀ ਦਾ ਸਮਰਥਨ ਕਰਨਾ

ਸਾਰੀਆਂ ਉਮਰਾਂ ਦੇ 225,000 ਤੋਂ ਵੱਧ ਵਿਦਿਆਰਥੀਆਂ ਵਾਸਤੇ ਕਾਲਜ ਅਤੇ ਯੂਨੀਵਰਸਿਟੀ ਟਿਊਸ਼ਨ ਨੂੰ ਮੁਫਤ ਬਣਾਉਣਾ। ਘੱਟ ਅਤੇ ਦਰਮਿਆਨੀ ਆਮਦਨੀਆਂ ਵਾਲੇ ਪਰਿਵਾਰਾਂ ਤੋਂ ਵਿਦਿਆਰਥੀਆਂ ਲਈ ਮੁਫਤ ਜਾਂ ਘੱਟ ਟਿਊਸ਼ਨ ਉਪਲਬਧ ਹੈ; $90,000 ਤੱਕ ਕਮਾਉਣ ਵਾਲਿਆਂ ਲਈ ਟਿਊਸ਼ਨ ਮੁਫਤ ਹੈ ਅਤੇ $175,000 ਤੱਕ ਕਮਾਉਣ ਵਾਲੇ ਪਰਿਵਾਰਾਂ ਤੋਂ ਆਉਣ ਵਾਲੇ ਵਿਦਿਆਰਥੀ ਵੀ ਵਿੱਤੀ ਸਹਾਇਤਾ ਲਈ ਯੋਗ ਹਨ।



## 10. ਨਿਮਨਤਮ ਤਨਖਾਹ ਨੂੰ ਵਧਾਉਣਾ ਅਤੇ ਚੰਗੀਆਂ ਨੌਕਰੀਆਂ ਉਤਪੰਨ ਕਰਨਾ

ਨਿਮਨਤਮ ਤਨਖਾਹ ਨੂੰ 1 ਜਨਵਰੀ 2018 ,ਨੂੰ $14 ਪ੍ਰਤੀ ਘੰਟੇ ਅਤੇ ,1 ਜਨਵਰੀ 2019 ,ਨੂੰ $15 ਪ੍ਰਤੀ ਘੰਟੇ ਤੱਕ ਵਧਾ ਕੇ ਓਨਟਾਰਿਓ ਭਰ ਵਿੱਚ 1.2 ਮਿਲਿਅਨ ਲੋਕਾਂ ਵਾਸਤੇ ਲੰਮੇ ਸਮੇਂ ਤੋਂ ਉਡੀਕ ਕੀਤਾ ਜਾ ਰਿਹਾ ਵਾਧਾ ਮੁਹੱਈਆ ਕਰਨਾ। ਪ੍ਰਾਂਤ ਓਨਟਾਰਿਓ ਦੇ ਕਾਰੋਬਾਰਾਂ ,ਵਿਦਿਆਰਥੀਆਂ ਅਤੇ ਗ੍ਰੈਜੁਏਟਾਂ ਨੂੰ ਸਹਾਰਾ ਦੇਣ ਲਈ ਅਤੇ ਅੱਛੀਆਂ ,ਚੰਗਾ-ਭੁਗਤਾਨ ਕਰਨ ਵਾਲੀਆਂ ਨੌਕਰੀਆਂ ਨੂੰ ਆਕਰਸ਼ਤ ਕਰਨ ਵਿੱਚ ਮਦਦ ਕਰਨ ਵਾਸਤੇ ਤਿੰਨ ਸਾਲਾਂ ਵਿੱਚ ਗੁਡ ਜੌਬਜ ਐਂਡ ਗਰੋਥ ਪਲਾਨ ਰਾਹੀਂ ਨਵੀਂ ਫੰਡਿੰਗ  ਵਿੱਚ $935 ਵੀ ਮੁਹੱਈਆ ਕਰ ਰਿਹਾ ਹੈ।